# ਸਿਹਰਾ

ਮੇਰੇ ਅੰਤਰ ਹਿਰਦੇ ਦੇ ਅੰਦਰ ।
ਆ ਵਸਿਆ ਹੈ ਹਰਿਮੰਦਿਰ ।
ਜਦ ਮੈਂ ਅਕਾਲ ਪੁਰਖ ਨੂੰ ਮੰਨਿਆ ।
ਅਕਾਲ ਤਖ਼ਤ ਵੀ ਅੰਤਰ ਬਣਿਆ ।
ਗੁਰੂ ਰਾਮਦਾਸ ਦਾ ਹੈ ਪਹਿਰਾ ।
ਪੰਥ ਖਾਲਸੇ ਦਿੱਤਾ ਸਿਹਰਾ ।
ਅਕਾਲ ਪੁਰਖ ਨੇ ਜੋਤਿ ਜਗਾਈ ।
ਪ੍ਰਾਨ-ਅਪਾਨ, ਸੁਸ਼ਮਨਾ ਚੜ੍ਹ ਆਈ ।
ਪ੍ਰਕਾਸ਼ ਭਇਓ ਅਨੰਦ ਸਭ ਥਾਂਈਂ ।
ਅੰਤਰ ਬਾਹਰ ਬ੍ਰਹਮ ਹੋ ਜਾਈ ।
ਹਰਿ ਵਸਿਆ, ਮੈਂ ਵਸਿਆ, ਹਰਿ ਅੰਦਰ ।
ਯੋਗੀ ! ਯੋਗ ਬਣਿਆ ਹਰਿਮੰਦਿਰ ।